# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

# ਡੀ.ਜੀ.ਐੱਸ.ਈ., ਬੋਰਡ ਸਕੱਤਰ, ਡੀਪੀਆਈ ਸੈਕੰ. ਤੇ ਐਲੀ. ਪਰੀਖਿਆ ਕੇਂਦਰਾਂ ਦਾ ਨਿਰੀਖਣ ਕਰਨਗੇ

ਐੱਸ.ਏ.ਐੱਸ.ਨਗਰ 27 ਫਰਵਰੀ ( ) ਪੰਜਾਬ ਸਕੂਲ ਬੋਰਡ ਦੀਆਂ ਅੱਜ ਤੋਂ ਸ਼ੁਰੂ ਹੋ ਰਹੀਆਂ ਬਾਰ੍ਹਵੀਂ ਦੀਆਂ ਸਲਾਨਾਂ ਪਰੀਖਿਆਵਾਂ ਦੇ ਨਿਰੀਖਣ ਲਈ ਬੋਰਡ ਵੱਲੋਂ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਖੇਤਰ 'ਚ ਡਿਊਟੀਆਂ ਲਗਾਈਆਂ ਗਈਆਂ ਹਨ ਤਾਂ ਕਿ ਪਾਰਦਰਸ਼ੀ, ਡਰ-ਭੈਅ ਅਤੇ ਨਕਲ ਰਹਿਤ ਪਰੀਖਿਆਵਾਂ ਦਾ ਸਫ਼ਲ ਆਯੋਜਨ ਕੀਤਾ ਜਾ ਸਕੇ।

ਸਕੂਲ ਸਿੱਖਿਆ ਸਕੱਤਰ ਕਮ-ਬੋਰਡ ਦੇ ਚੇਅਰਮੈਨ ਸ਼੍ਰੀ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਪਰੀਖਿਆਵਾਂ ਦੇ ਨਿਰੀਖਣ ਲਈ ਸਾਰੇ ਪੰਜਾਬ ਨੂੰ ਚਾਰ ਡਵੀਜ਼ਨਾਂ 'ਚ ਵੰਡ ਕੇ ਸ਼੍ਰੀ ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐੱਸ ਡੀ.ਜੀ.ਐੱਸ.ਈ. -ਕਮ-ਵਾਈਸ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਤਰਨਤਾਰਨ, ਸ੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ ਜਿਲ੍ਹਿਆਂ 'ਚ, ਸ਼੍ਰੀਮਤੀ ਹਰਗੁਣਜੀਤ ਕੌਰ ਪੀ.ਸੀ.ਐੱਸ. ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਐੱਸ.ਏ.ਐੱਸ. ਨਗਰ, ਰੋਪੜ, ਲੁਧਿਆਣਾ, ਮੋਗਾ ਅਤੇ ਫਰੀਦਕੋਟ ਜਿਲ੍ਹਿਆਂ 'ਚ, ਸ਼੍ਰੀ ਪਰਮਜੀਤ ਸਿੰਘ ਪੀ.ਸੀ.ਐਸ ਡੀ.ਪੀ.ਆਈ. (ਸੈਕੰਡਰੀ) ਪੰਜਾਬ ਨੂੰ ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ ਤੇ ਮਾਨਸਾ ਜਿਲ੍ਹਿਆਂ 'ਚ ਅਤੇ ਸ਼੍ਰੀ ਇੰਦਰਜੀਤ ਸਿੰਘ ਡੀ.ਪੀ.ਆਈ. (ਐਲੀਮੈਂਟਰੀ) ਅਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ. ਨੂੰ ਸ.ਭ.ਸ.ਨਗਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜਿਲ੍ਹਿਆਂ 'ਚ ਪਰੀਖਿਆ ਕੇਂਦਰਾਂ ਦਾ ਨਿਰੀਖਣ ਅਤੇ ਛਾਣਬੀਣ ਕਰਨਗੇ।

ਸਕੂਲ ਸਿੱਖਿਆ ਸਕੱਤਰ ਕਮ-ਬੋਰਡ ਦੇ ਚੇਅਰਮੈਨ ਸ਼੍ਰੀ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਜੇਕਰ ਕਿਸੇ ਪਰੀਖਿਆ ਕੇਂਦਰ 'ਚ ਸਮੂਹਿਕ ਨਕਲ ਦਾ ਮਾਮਲਾ ਸਾਹਮਣੇ ਆਇਆ ਤਾਂ ਸਮੁੱਚੇ ਕੇਂਦਰ ਦੀ ਉਸ ਦਿਨ ਦੀ ਪਰੀਖਿਆ ਰੱਦ ਕਰਦਿਆਂ ਕੇਂਦਰ ਦੇ ਸਮੁੱਚੇ ਅਮਲੇ ਨੂੰ ਤੁਰੰਤ ਚਾਰਜਸ਼ੀਟ ਕਰਕੇ ਉਹਨਾਂ ਵਿਰੁੱਧ ਸਮਾਂ-ਬੱਧ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ਼੍ਰੀਮਤੀ ਹਰਗੁਣਜੀਤ ਕੌਰ ਸਮੁੱਚੇ ਪੰਜਾਬ ਦੇ ਪਰੀਖਿਆ ਕੇਂਦਰਾਂ 'ਤੇ ਤਿਰਛੀ ਨਜ਼ਰ ਦੇ ਨਾਲ਼-ਨਾਲ਼ ਖੇਤਰ ਵਿੱਚ ਪਰੀਖਿਆ ਕੇਂਦਰਾਂ ਤੇ ਹੋ ਰਹੀਆਂ ਪਰੀਖਿਆਵਾਂ ਦਾ ਬਾਰੀਕੀ ਨਾਲ ਨਿਰੀਖਣ ਵੀ ਕਰਨਗੇ।

ਮਿਤੀ:27.02.2018

ਕੋਮਲ ਸਿੰਘ
ਲੋਕ ਸੰਪਰਕ ਦਫਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner